# ਤਮਾਸ਼ਾ ਨੱਟ ਤੇ ਨੱਟੀ ਦਾ

(ਨਾਟਕ ਸ਼ੁਰੂ ਹੋਣ 'ਤੇ ਨੱਟ ਤੇ ਨੱਟੀ ਬੜੇ ਅੰਦਾਜ਼ ਨਾਲ ਸਟੇਜ 'ਤੇ ਆਉਂਦੇ ਹਨ ਤੇ ਦਰਸ਼ਕਾਂ ਨੂੰ ਸੰਬੋਧਨ ਹੁੰਦੇ ਹਨ।)

ਇਕੱਠੇ : ਇਹ ਤਮਾਸ਼ਾ ਨੱਟ ਤੇ ਨੱਟੀ ਦਾ
ਬਾਤ ਮਿੱਠੀ ਤੇ ਖੱਟੀ ਦਾ

*(ਇਕ ਚੱਕਰ ਲਗਾਉਂਦੇ ਹਨ।)*

ਇਕੱਠੇ : ਅਸੀਂ ਪੰਜਾਬ ਦੇ ਰਹਿਣ ਵਾਲੇ ਹਾਂ।
ਪੰਜਾਂ ਪਾਣੀਆਂ ਦਾ ਪਾਣੀ ਪੀਣ ਵਾਲੇ ਹਾਂ।

1 : ਪੰਜਾਬ ਭਾਰਤ ਦਾ ਇਕ ਅੰਗ ਹੈ।

2 : ਇਸ ਲਈ ਜੋ ਭਾਰਤ ਦਾ ਰੰਗ ਹੈ।
ਉਹ ਪੰਜਾਬ ਦਾ ਵੀ ਰੰਗ ਹੈ।

1 : ਜੇ ਭਾਰਤ ਵਿਚ ਗਰੀਬੀ ਹੈ।

2 : ਗਰੀਬੀ ਨਾਲ ਪੰਜਾਬ ਦਾ ਰਿਸ਼ਤਾ ਵੀ ਕਰੀਬੀ ਹੈ।

1 : ਜੇ ਭਾਰਤ ਵਿਚ ਬੇਰੁਜ਼ਗਾਰੀ ਹੈ।

2 : ਤਾਂ ਪੰਜਾਬ ਵਿਚ ਵੀ ਇਹ ਬਿਮਾਰੀ ਹੈ।

1 : ਜੇ ਭਾਰਤ ਵਿਚ ਭ੍ਰਿਸ਼ਟਾਚਾਰ ਹੈ।

2 : ਤਾਂ ਪੰਜਾਬ ਵਿਚ ਵੀ ਇਹ ਪ੍ਰਧਾਨ ਹੈ।

1 : ਜੇ ਭਾਰਤ ਦੀ ਸਿਆਸਤ ਵਿਚ ਅਪਰਾਧ ਹੈ।

2 : ਤਾਂ ਪੰਜਾਬ ਵਿਚ ਵੀ ਵਜਦਾ ਉਹਦਾ ਨਾਦ ਹੈ।

1 : ਜੋ ਕਾਨੂੰਨ ਹਿੰਦੋਸਤਾਨ ਦਾ ਹੈ।

2 : ਉਹੀ ਕਾਨੂੰਨ ਦੇਸ਼ ਪੰਜਾਬ ਦਾ ਹੈ।

1 : ਜੇ ਰਾਜੀਵ ਮਨੁੱਖ ਬੰਬ ਦਾ ਸ਼ਿਕਾਰ ਸੀ।

2 : ਤਾਂ ਬੇਅੰਤ ਵੀ ਉਸੇ ਦੀ ਮਾਰ ਸੀ।

1 : ਰਾਜੀਵ ਦੇ ਕਤਲ ਬਾਅਦ ਸੋਨੀਆ ਦਾ ਮਾਣ ਹੈ।

2 : ਤਾਂ ਬੇਅੰਤ ਦੇ ਕਤਲ ਬਾਅਦ ਜਸਵੰਤ ਕੌਰ ਪ੍ਰਧਾਨ ਹੈ।

1 : ਖੇਡ ਇਕੋ ਹੈ

2 : ਭਾਵੇਂ ਉਹ ਹਿੰਦੋਸਤਾਨ ਦੀ ਹੈ

1 : ਭਾਵੇਂ ਉਹ ਪੰਜਾਂ ਪਾਣੀਆਂ ਦੇ

2 : ਦੇਸ਼ ਪੰਜਾਬ ਦੀ ਹੈ

ਇਕੱਠੇ : ਇਹ ਤਮਾਸ਼ਾ ਹੈ ਨੱਟ ਤੇ ਨੱਟੀ ਦਾ
ਬਾਤ ਮਿੱਠੀ ਤੇ ਖੱਟੀ ਦਾ

ਨੱਟ : ਨੱਟੀਏ, ਜ਼ਰਾ ਘੁੰਮ ਕੇ ਆ ਤੇ ਦਰਸ਼ਕਾਂ ਕੋਲ ਪੁੱਛਕੇ ਆ। ਪੰਜਾਬ ਵਿਚ ਕਿਸਦਾ ਰਾਜ ਹੈ ?

*(ਨੱਟੀ ਇਕ ਚੱਕਰ ਲਾਉਂਦੀ ਹੈ।)*

ਨੱਟੀ : ਪੰਜਾਬ ਵਿਚ ਪੁਲਿਸ ਦਾ ਰਾਜ ਹੈ।

ਨੱਟ : ਉਹ ਕਿਸ ਤਰ੍ਹਾਂ ?

ਨੱਟੀ : ਅਤਿਵਾਦੀ ਪੁਲਿਸ ਵਾਲਿਆਂ ਨੇ ਮੁਕਾਏ –
ਲੋਕ ਪੁਲਿਸ ਵਾਲਿਆਂ ਨੇ ਡਰਾਏ।
ਪੈਸੇ ਪੁਲਿਸ ਵਾਲਿਆਂ ਨੇ ਉਗਰਾਏ।
ਫਰੌਤੀਆਂ ਅਤਿਵਾਦੀਆਂ ਨੇ ਲਈਆਂ
ਪੁਲਿਸ ਫੋਰਸਾਂ ਨਾ ਪਿਛੇ ਰਹੀਆਂ।
ਹਰ ਪੁਲਿਸ ਵਾਲੇ ਦੀ ਸ਼ਾਨ ਏ।
ਹਰ ਪੁਲਿਸ ਵਾਲਾ ਖੱਬੀ ਖ਼ਾਨ ਏ।

ਨੱਟ : ਲੋਕਾਂ ਕੋਲ ਪੁਲਿਸ ਬਾਰੇ ਕੁਝ ਸਵਾਲ ਨੇ
ਮੰਗਦੇ ਜੋ ਜਵਾਬ ਨੇ

ਨੱਟੀ : ਫੇਰ ਬਣ ਜਾ ਤੂੰ ਪੁਲਿਸ ਕਪਤਾਨ
ਖੱਬੀਆਂ ਵਿਚੋਂ ਖੱਬੀ ਖ਼ਾਨ

ਨੱਟ : ਪਰ ਮੇਰੇ ਕੋਲ ਨਾ ਪੱਗ ਏ, ਨਾ ਮੁੱਛ ਏ

ਨੱਟੀ : ਫਿਕਰ ਨਾ ਕਰ, ਨਾਟਕ ਵਿਚ ਚਲਦਾ ਸਭ ਕੁਝ ਏ

*(ਨੱਟ ਪੁਲਿਸ ਬਣਨ ਦੀ ਮੂਕ ਅਭੀਨੈ ਕਰਦਾ ਹੈ।)*

ਨੱਟੀ : ਸਰਦਾਰ ਜੀ, ਕੁਝ ਸਵਾਲ ਪੁੱਛਣੇ ਨੇ

ਨੱਟ : ਪੁੱਛ, ਪਰ ਨੇੜੇ ਆ ਜਾ।

ਨੱਟੀ : ਨੇੜੇ ਨਹੀਂ ਆਉਣਾ, ਡਰ ਲਗਦਾ ਏ।

ਨੱਟ : ਕਿਉਂ ?

ਨੱਟੀ : ਤੁਹਾਨੂੰ ਚੂੰਡੀ ਵੱਢਣ ਦੀ ਆਦਤ ਏ।

ਨੱਟ : ਅੱਛਾ ਪੁੱਛ ਸਵਾਲ।
ਅਸੀਂ ਦੇਈਏ ਜਵਾਬ।

ਨੱਟੀ : ਅਗੇ ਕਾਨੂੰਨ ਦੇ ਰਖਵਾਲੇ ਪੱਗ ਬੰਨ੍ਹਦੇ ਸਨ

ਨੱਟ : ਹਾਂ ਬੰਨ੍ਹਦੇ ਸਨ

ਨੱਟੀ : ਪੱਗ ਸਾਡੇ ਸਭਿਆਚਾਰ ਵਿਚ ਇੱਜ਼ਤ ਦਾ ਚਿੰਨ੍ਹ ਏ।

ਨੱਟ : ਇਸ ਵਿਚ ਕੀ ਸ਼ੱਕ ਏ ?
ਨੱਟੀ : ਪੱਗ ਸਤਿਕਾਰ ਦਾ ਚਿੰਨ੍ਹ ਏ
ਨੱਟ : ਹਾਂ ਜ਼ਰੂਰ
ਨੱਟੀ : ਜੇ ਪੱਗ ਲਹਿ ਜਾਵੇ ਕਹਿੰਦੇ ਨੇ
ਇੱਜ਼ਤ ਮਿੱਟੀ ਵਿਚ ਰੁਲ ਗਈ
ਨੱਟ : ਹਾਂ ਇਹ ਪੰਜਾਬੀ ਦਾ ਅਖਾਣ ਏ
ਨੱਟੀ : ਤੁਸੀਂ ਆਪਣੇ ਸਿਪਾਹੀਆਂ ਦੀ ਪੱਗ ਲਾਹ ਦਿੱਤੀ
ਪਹਿਲੇ ਕਾਲੇ ਪਟਕੇ ਬੰਨ੍ਹਾ ਦਿੱਤੇ
ਹੁਣ ਲਾਲ ਨੀਲੇ ਪਟੱਕ ਬਨ੍ਹਾ ਦਿੱਤੇ
ਨੱਟ : ਤੂੰ ਕਹਿਣਾ ਕੀ ਚਾਹੁੰਦੀ ਏ ?
ਨੱਟੀ : ਲੋਕਾਂ ਦੀ ਇੱਜ਼ਤ ਤਾਂ ਉਹ ਅਗੇ ਮਿੱਟੀ ਵਿਚ ਰੋਲਦੇ ਹੀ ਸਨ,
ਹੁਣ ਉਹਨਾਂ ਨੇ ਆਪਣੀ ਵੀ ਰੋਲ ਦਿੱਤੀ.. ਤੇ ਇਸ ਤੋਂ ਅੱਗੇ
ਨੱਟ : ਅੱਗੇ ਕੀ ?
ਨੱਟੀ : ਤੇ ਪੱਟਕੇ ਵੀ ਉਹ ਜਿਹੜੇ
ਅਲੀ ਬਾਬਾ ਚਾਲੀ ਚੋਰ ਦੀ ਕਹਾਣੀ ਵਾਲੇ ਚੋਰ ਬੰਨ੍ਹਦੇ ਸਨ
ਸਿਦੰਬਰ ਜਜ਼ੀਰੇ ਤੇ ਸਮੁੰਦਰੀ ਡਾਕੂ ਬੰਨ੍ਹਦੇ ਸਨ
ਫਾਂਸੀ ਦੇਣ ਵਾਲੇ ਜਲਾਦ ਬਨ੍ਹਦੇ ਹਨ
ਨੱਟ : ਲੋਕਾਂ ਵਿਚ ਡਰ ਪਾਉਣ ਲਈ,
ਦਹਿਸ਼ਤ ਪਾਉਣ ਲਈ
ਇਹ ਜ਼ਰੂਰੀ ਹੋ ਗਿਆ ਹੈ।
ਨੱਟੀ : ਡਰ ?ਦਹਿਸ਼ਤ ?
ਨੱਟ : ਹਾਂ ਜਦੋਂ ਕੋਈ ਵੀ.ਆਈ.ਪੀ. ਲੰਘੇ ਇਹ ਡਰ ਜ਼ਰੂਰੀ ਏ।
ਜਦੋਂ ਕੋਈ ਵੀ.ਵੀ.ਆਈ.ਪੀ. ਲੰਘੇ ਇਹ ਡਰ ਜ਼ਰੂਰੀ ਏ।
ਨੱਟੀ : ਤੁਸੀਂ ਲੋਕਾਂ ਨੂੰ ਡਰਾਉਂਦੇ ਰਹੇ ਤੇ ਕੰਮ ਕਰਨ ਵਾਲੇ ਆਪਣਾ ਕੰਮ
ਕਰ ਗਏ।
ਨੱਟ : ਕੀ ਮਤਲਬ ?
ਨੱਟੀ : 31 ਅਗਸਤ ਤੁਹਾਡਾ ਵੀ.ਵੀ.ਵੀ...
ਵੀ.ਵੀ.ਵੀ. ਕਿੰਨੇ ਹੀ ਵੀਆਂ ਵਾਲਾ ਆਈ.ਪੀ.
ਅਗਲਿਆਂ ਨੇ ਮਾਰ ਦਿੱਤਾ
ਤੇ ਅਠਾਰਾਂ ਹੋਰ ਵੀ ਭੰਗ ਦੇ ਭਾੜੇ ਮੁੱਕ ਗਏ
ਪਤਾ ਜੇ ਕਿਉਂ ?
ਨੱਟ : ਕਿਉਂ ?

ਨੱਟੀ : ਕਿਉਂਕਿ ਤੁਹਾਡੇ ਪੁਲਿਸ ਗਾਰਡ,
ਹੋਮ ਗਾਰਡ, ਕਾਲੇ ਗਾਰਡ,
ਲਾਲ ਗਾਰਡ, ਲਾਲ ਨੀਲੇ
ਗਾਰਡ, ਸਿਕੂਰਟੀ ਗਾਰਡ
ਸਿਕੂਰਟੀ ਵਾਸਤੇ ਨਹੀਂ, ਸਗੋਂ

ਨੱਟ : ਸਗੋਂ ਕੀ ?

ਨੱਟੀ : ਉਹ ਲੋਕਾਂ ਨੂੰ ਡਰਾਉਣ ਵਾਸਤੇ ਨੇ
ਦਹਿਸ਼ਤ ਪਾਉਣ ਵਾਸਤੇ ਨੇ
ਡੰਡੇ ਵਰਾਉਣ ਵਾਸਤੇ ਨੇ
ਰੁਅਬ ਪਾਉਣ ਵਾਸਤੇ ਨੇ

ਨੱਟ : ਤੂੰ ਬੜੀ ਗੁਸਤਾਖ ਏਂ।

ਨੱਟੀ : ਸੱਚ ਹਮੇਸ਼ਾਂ ਗੁਸਤਾਖ ਹੁੰਦਾ ਏ
ਤੇ ਨੱਟ ਜੀ ਹੁਣ ਮੁੱਛ ਨੀਵੀਂ ਕਰ ਲਵੋ ਤੇ
ਆ ਜਾਓ ਆਨੇ ਵਾਲੀ ਥਾਂ 'ਤੇ

ਨੱਟ : ਨੱਟੀਏ ਤੈਨੂੰ ਪਤਾ ਏ ? ਤੈਨੂੰ ਤੇਰੀ ਗੁਸਤਾਖੀ ਦੀ ਸਜ਼ਾ ਦਿੱਤੀ ਜਾ ਸਕਦੀ ਏ

ਨੱਟੀ : ਸਜ਼ਾ ?

ਨੱਟ : ਤੈਨੂੰ ਜੇਲ੍ਹ ਵਿਚ ਸੁੱਟਿਆ ਜਾ ਸਕਦਾ ਹੈ

ਨੱਟੀ : ਹੋਰ ?

ਨੱਟ : ਤੇਰੇ 'ਤੇ ਟਾਡਾ ਲਗਾਇਆ ਜਾ ਸਕਦਾ ਏ

ਨੱਟੀ : ਹੋਰ ?

ਨੱਟ : ਨਹਿਰ ਦੇ ਕੰਡੇ ਲਿਜਾਕੇ ਖਪਾਇਆ ਵੀ ਜਾ ਸਕਦਾ ਏ

*(ਨੱਟ ਰੁਅਬ ਵਾਲੀ ਮੁੱਦਰਾ ਵਿਚ ਅਤੇ ਨੱਟੀ ਫੇਰ ਕੀ ਪੁੱਜਦਗੇ ਵਿਚ ਫਰੀਜ਼ ਹੁੰਦੇ ਹਨ – ਤੇ ਫੇਰ ਇਕ ਪਲ ਦੇ ਬਾਅਦ)*

ਇਕੱਠੇ : ਇਹ ਇਕ ਤਮਾਸ਼ਾ ਨੱਟ ਤੇ ਨੱਟੀ ਦਾ
ਬਾਤ ਮਿੱਟੀ ਤੇ ਖੱਟੀ ਦਾ
ਸਟੇਜ 'ਤੇ ਚੱਕਰ ਲਗਾਉਂਦੇ ਹਨ

ਨੱਟੀ : ਮੇਰੇ ਪਿਆਰੇ ਨੱਟ ਜੀ

ਨੱਟ : ਹਾਂ ਪਿਆਰੀ ਨੱਟਨੀ ਜੀ

ਨੱਟੀ : ਮੇਰੀ ਇਕ ਫਰਮਾਇਸ਼ ਏ। ਪੂਰੀ ਕਰੇਂਗਾ ?

ਨੱਟ : ਤੇਰੀਆਂ ਫਰਮਾਇਸ਼ਾਂ ਪੂਰੀਆਂ ਕਰਨੀਆਂ ਤਾਂ ਮੇਰਾ ਜ਼ਿੰਦਗੀ ਦਾ ਨਿਸ਼ਾਨਾ ਹੈ।

ਨੱਟੀ : ਮੈਂ ਦੇਸ਼ ਦੀ ਸੈਰ ਕਰਨੀ ਏ
ਨੱਟ : ਫੇਰ ਕਰ ਲੈ
ਨੱਟੀ : ਇਸ ਵਿਚ ਬੜੇ ਦਿਨ ਲਗ ਜਾਣਗੇ
ਨੱਟ : ਉਹ ਤਾਂ ਲਗ ਜਾਣਗੇ
ਨੱਟੀ : ਬਹੁਤ ਸਾਰੇ ਕਪੜੇ ਲਿਜਾਣੇ ਪੈਣਗੇ
ਨੱਟ : ਉਹ ਤਾਂ ਲਿਜਾਣੇ ਪੈਣਗੇ
ਨੱਟੀ : ਉਹਦੇ ਲਈ ਅਟੈਚੀ ਦੀ ਲੋੜ ਏ
ਨੱਟ : ਫੇਰ ਅਟੈਚੀ ਲੈ ਲੈ
ਨੱਟੀ : ਮੇਰੇ ਨਾਲ ਬਜ਼ਾਰ ਚਲੇਂਗਾ ?
ਨੱਟ : ਚਲਾਂਗਾ।
ਨੱਟ : (ਦਰਸ਼ਕਾਂ ਨੂੰ ਸੰਬੋਧਨ ਹੋਕੇ) ਮੇਹਰਬਾਨ ਮੈਂ ਤੇ ਮੇਰੀ ਨੱਟੀ ਦਿੱਲੀ ਸ਼ਹਿਰ ਵਿਚ ਅਟੈਚੀ ਲੈਣ ਗਏ।
ਉਥੇ ਕੀ ਵਾਪਰਿਆ ਇਹ ਇਕ ਬਾਤ ਹੈ।
ਹਿੰਦੋਸਤਾਨ ਵਿਚ ਕੀ ਵਾਪਰ ਰਿਹੈ, ਉਹਦੇ ਉਤੇ ਝਾਤ ਹੈ।
ਨੱਟੀ : ਮੇਰਾ ਨੱਟ ਹੁਣ ਅਟੈਚੀਆਂ ਦਾ ਦੁਕਾਨਦਾਰ ਹੈ
ਨੱਟ : ਤੇ ਮੇਰੀ ਨੱਟੀ ਅਟੈਚੀ ਦੀ ਖਰੀਦਦਾਰ ਹੈ।

*(ਮੂਕ ਐਕਸ਼ਨ ਨਾਲ ਇਹ ਸਥਾਪਤ ਕਰਦੇ ਹਨ।)*

ਨੱਟੀ : ਵੇ ਭਾਈ ਅਟੈਚੀ ਵੇਚਦਾ ਏਂ ?
ਨੱਟ : ਹਾਂ ਵੇਚਦਾ ਹਾਂ
ਨੱਟੀ : (ਇਸ਼ਾਰਾ ਕਰਕੇ) ਉਹ ਅਟੈਚੀ ਦਾ ਕੀ ਮੁੱਲ ਏ ?
ਨੱਟ : ਪੰਜਾਹ ਰੁਪਏ – ਨਾ ਘੱਟ ਤੇ ਨਾ ਵੱਧ।
ਨੱਟੀ : ਏਨਾਂ ਮਹਿੰਗਾ ? ਕੀ ਇਹ ਇਹਦੇ ਗੁਣ, ਜ਼ਰਾ ਖੋਲ੍ਹਕੇ ਦੱਸ
ਨੱਟ : ਇਹਦੇ 'ਤੇ ਨਚੋ ਟੁੱਟਦਾ ਨਹੀਂ
ਇਹਦੇ 'ਤੇ ਟਪੋ ਟੁੱਟਦਾ ਨਹੀਂ
ਇਹਦਾ ਚਮੜਾ ਬੜਾ ਸ਼ਾਨਦਾਰ ਏ
ਇਹਦਾ ਤਾਲਾ ਬੜਾ ਜਾਨਦਾਰ ਏ
ਸਾਰਾ ਅਟੈਚੀ ਬੜਾ ਹੰਢਣਸਾਰ ਏ
ਨੱਟੀ : (ਇਕ ਹੋਰ ਟੈਚੀ ਵੱਲ ਇਸ਼ਾਰਾ ਕਰਕੇ) ਕੀ ਉਹ ਵੀ ਪੰਜਾਹ ਰੁਪਏ ਦਾ ਏ ?
ਨੱਟ : 50 ਰੁਪਏ ਤਾਂ ਇਹਨੂੰ ਵੇਖਣ ਦਾ ਮੁੱਲ ਏ
100 ਰੁਪਏ ਇਹਨੂੰ ਹੱਥ ਲਾਉਣ ਦਾ ਮੁੱਲ ਏ
500 ਰੁਪਏ ਇਹਦੇ ਬਾਰੇ ਜਾਨਣ ਦਾ ਮੁੱਲ ਏ

ਨੱਟੀ : ਕੀ ਏ ਇਹਦੀ ਸਿਫਤ ?
ਜੋ ਇਹਦਾ ਏਹ ਮੁੱਲ ਏ

ਨੱਟ : ਇਸ ਵਿਚ ਇਕ ਲੱਖ ਪਾ ਲਓ
ਪਤਾ ਨਹੀਂ ਲਗਦਾ
ਦਸ ਲੱਖ ਪਾ ਲਓ
ਸੂਹ ਨਹੀਂ ਲਗਦੀ
50 ਲੱਖ ਪਾ ਲਓ
ਭੇਤ ਨਹੀਂ ਖੁੱਲਦਾ
ਕਰੋੜ ਪਾ ਲਓ
ਧੂੰ ਨਹੀਂ ਨਿਕਲਦਾ
ਇਹ ਅਟੈਚੀ ਆਪਣੇ ਆਪ ਵਿਚ ਸਿਆਸਤ ਏ
ਆਪਣੇ ਆਪ ਵਿਚ ਇਕ ਰਿਆਸਤ ਏ

ਨੱਟੀ : ਏਨਾ ਗੁਣਵਾਨ ਅਟੈਚੀ ਮੈਂ ਲਵਾਂਗੀ
ਭੇਤ ਇਸ ਸਿਆਸਤ ਦਾ ਪਾਵਾਂਗੀ

ਨੱਟ : ਹੁਣ ਇਹ ਵਿਕਾਊ ਨਹੀਂ

ਨੱਟੀ : ਕਿਉਂ ?

ਨੱਟ : ਇਹਦਾ ਸੌਦਾ ਹੋ ਗਿਆ ਏ

ਨੱਟੀ : ਕਿਸੇ ਸੇਠ ਨੇ ਲੈ ਲਿਆ ਏ ?

ਨੱਟ : ਨਹੀਂ

ਨੱਟੀ : ਕਿਸੇ ਵਪਾਰੀ ਨੇ ਲੈ ਲਿਆ ਏ ?

ਨੱਟ : ਨਹੀਂ

ਨੱਟੀ : ਕਿਸੇ ਬਲੈਕੀਏ ਨੇ ਲੈ ਲਿਆ ਏ ?

ਨੱਟ : ਨਹੀਂ

ਨੱਟੀ : ਫੇਰ ਇਹ ਕਿੰਨੇ ਲਿਆ ਏ ?

ਨੱਟ : ਇਕ ਗੁਜਰਾਤੀ ਸੇਠ ਨੇ ਲਿਆ ਏ।

ਨੱਟੀ : ਉਸਨੇ ਕੀ ਕਰਨਾ ਏ ?

ਨੱਟ : ਪ੍ਰਧਾਨ ਮੰਤਰੀ ਨੂੰ ਦੇਣਾ ਏ।

ਨੱਟੀ : ਕੀ… … .?

*(ਹੈਰਾਨੀ ਦੀ ਮੁਦਰਾ ਵਿਚ ਫਰੀਜ਼ ਹੁੰਦੇ ਹਨ।)*

ਨੱਟ : ਨੱਟੀਏ ਕੀ ਹੁਣ ਦੇਸ਼ ਦੀ ਸੈਰ ਲਈ ਜਾਏਂਗੀ ?

ਨੱਟੀ : ਨਹੀਂ

ਨੱਟ : ਕੀ ਸ਼ਿਮਲਾ ਦੇਖੇਂਗੀ ?

ਨੱਟੀ : ਨਹੀਂ

ਨੱਟ : ਚੰਡੀਗੜ੍ਹ ਵੇਖੇਂਗੀ ?ਲਖਨਊ ਵੇਖੇਂਗੀ ?ਕਲਕੱਤਾ ਵੇਖੇਂਗੀ ?ਬੰਗਲੋਰ ਵੇਖੇਂਗੀ ?ਬੰਬਈ ਵੇਖੇਂਗੀ ?

*(ਉਹ ਨਾਂਹ ਵਿਚ ਸਿਰ ਮਾਰਦੀ ਜਾਂਦੀ ਹੈ।)*

ਨੱਟ : ਕਿਉਂ ?

ਨੱਟੀ : ਕਿਉਂਕਿ ਦੇਸ਼ ਹੁਣ ਨਾ ਸ਼ਿਮਲੇ ਵਿਚ ਏ, ਨਾ ਚੰਡੀਗੜ੍ਹ ਵਿਚ ਏ,
ਨਾ ਲਖਨਊ, ਨਾ ਬੰਬਈ, ਨਾ ਦਿੱਲੀ
ਦੇਸ਼ ਤਾਂ ਹੁਣ ਇਸ ਅਟੈਚੀ ਕੇਸ ਵਿਚ ਬੰਦ ਏ
ਇਹੋ ਹੀ ਬਾਤ ਹੈ, ਇਹੋ ਹੀ ਭੇਤ ਹੈ, ਇਹੋ ਹੀ ਰਾਜ਼ ਹੈ

ਇਕੱਠੇ : ਇਹ ਤਮਾਸ਼ਾ ਨੱਟ ਤੇ ਨੱਟੀ ਦਾ
ਬਾਤ ਖੱਟੀ ਤੇ ਮਿੱਠੀ ਦਾ

*(ਚੱਕਰ ਲਾਉਂਦੇ ਹਨ)*

ਨੱਟੀ : ਨੱਟ ਜੀ, ਇਹ ਕਿਹੜੀ ਥਾਂ ਏ ?

ਨੱਟ : ਇਹ ਮਦਰਾਸ ਸ਼ਹਿਰ ਏ
ਇਹ ਤਾਮਿਲਨਾਡੂ ਦੀ ਰਾਜਧਾਨੀ ਏ
ਜੈ ਲਲਿਤਾ ਨਾਂ ਦੀ ਔਰਤ ਏ
ਉਹ ਇਥੋਂ ਹੀ ਗਈ ਏ

ਨੱਟੀ : ਰਾਜੇ ਰਾਣੀਆਂ ਦਾ ਯੁੱਗ ਤਾਂ ਬੀਤ ਗਿਆ ਏ ?

ਨੱਟ : ਰਾਜੇ ਰਾਣੀਆਂ ਦਾ ਯੁੱਗ ਤਾਂ ਬੀਤ ਗਿਆ ਹੈ
ਪਰ ਉਹਨਾਂ ਦੇ ਜਾਂਨਸ਼ੀਨ ਜੀਂਦੇ ਨੇ
ਉਹਦੇ ਗੋਦ ਲਏ ਪੁੱਤਰ ਦਾ ਵਿਆਹ ਏ –

ਨੱਟੀ : ਪੁੱਤਰ ਦਾ ਵਿਆਹ ਏ ?
ਜੋ ਗੋਦ ਲਿਆ ਏ ?

ਨੱਟ : ਹਾਂ ਉਹਦੀ ਆਪਣੀ ਔਲਾਦ ਨਹੀਂ।

ਨੱਟੀ : ਫੇਰ ਤਾਂ ਉਹ ਭਾਗਾਂ ਵਾਲੀ ਏ।

ਨੱਟ : ਕਿਉਂ ?

ਨੱਟੀ : ਨਾ ਉਹਦਾ ਕੋਈ ਪੋਤਰਾ ਹੋਵੇਗਾ, ਜਿਹੜਾ ਫਰਾਂਸ ਦੀ ਕੁੜੀ ਨੂੰ ਛੇੜੇਗਾ
ਨਾ ਉਹਦਾ ਕੋਈ ਜਵਾਈ ਹੋਵੇਗਾ, ਜਿਹੜਾ ਧੋਬੀ ਪਟਕਾ ਮਾਰਕੇ ਉਹਦਾ ਤਖ਼ਤ ਉਲਟਾਏਗਾ
– ਪਰ ਇਥੇ ਏਨੀਆਂ ਰੌਸ਼ਨੀਆਂ ਕਿਥੋਂ ਆ ਗਈਆਂ ਨੇ ?

ਨੱਟ : ਕਿਉਂਕਿ ਬਾਕੀ ਸ਼ਹਿਰ ਵਿਚ ਹਨੇਰਾ ਏ।

ਨੱਟੀ : ਰੋਸ਼ਨੀ ਲਈ ਬਿਜਲੀ ਕਿਥੋਂ ਆਈ ?
ਨੱਟ : ਕਿਉਂਕਿ ਬਾਕੀ ਸ਼ਹਿਰ ਦੀ ਰੋਸ਼ਨੀ ਬੰਦ ਏ –
ਨੱਟੀ : ਸੜਕਾਂ 'ਤੇ ਏਨੀ ਸਜਾਵਟ ਕਿਉਂ ਏ ?
ਨੱਟ : ਕਿਉਂਕਿ ਇਥੋਂ ਬਰਾਤ ਨੇ ਲੰਘਣਾ ਏ
ਦੂਲ੍ਹਾ ਇਕ ਰੱਥ 'ਤੇ ਅਸਵਾਰ ਹੋਵੇਗਾ
ਰੱਥ ਨੂੰ ਅਰਬੀ ਘੋੜੇ ਖਿੱਚਣਗੇ
ਬਰਾਤ ਵਿਚ ਇਕ ਲੱਖ ਬੰਦਾ ਸ਼ਾਮਲ ਹੋਵੇਗਾ
ਬਰਾਤ ਦੇ ਖਾਣੇ ਵਿਚ ਇਕ ਲੱਖ ਤੰਦੂਰੀ ਚਿਕਨ ਹੋਣਗੇ
ਕੁਲ ਖਰਚ 100 ਕਰੋੜ ਹੋਵੇਗਾ
ਨੱਟੀ : 100 ਕਰੋੜ ਕਿੰਨਾ ਹੁੰਦਾ ਏ ?
ਨੱਟ : 100 ਕਰੋੜ ਨਾਲ ਇਕ ਛੋਟਾ ਡੈਮ ਬਣਦਾ ਏ –
ਜੋ ਦੋ ਕਰੋੜ ਲੋਕਾਂ ਲਈ ਬਿਜਲੀ ਅਤੇ ਰੋਸ਼ਨੀ ਪੈਦਾ ਕਰਦਾ ਏ
ਲੱਖਾਂ ਏਕੜ ਜ਼ਮੀਨ ਨੂੰ ਪਾਣੀ ਦੇਂਦਾ ਏ
100 ਕਰੋੜ ਨਾਲ 5 ਹਸਪਤਾਲ ਬਣਦੇ ਨੇ
ਜਿਥੇ ਸਾਲ ਵਿਚ 10000 ਮਰੀਜ਼ਾਂ ਦਾ ਇਲਾਜ ਹੁੰਦਾ ਏ
100 ਕਰੋੜ ਨਾਲ 5000 ਸਕੂਲ ਖੁੱਲ੍ਹਦਾ ਹੈ
ਜਿਥੇ 5 ਲੱਖ ਬੱਚਿਆਂ ਦੀ ਪੜ੍ਹਾਈ ਹੁੰਦੀ ਏ –
ਨੱਟੀ : ਤੇ ਉਹ 100 ਕਰੋੜ ਦੇ ਮੁਰਗੇ ਇਕ ਲੱਖ ਬਰਾਤੀ ਇਕ ਰਾਤ ਵਿਚ ਛੱਕ ਜਾਣਗੇ
ਤੇ ਇਹ ਸਭ ਪੈਸਾ ਕਿਥੋਂ ਆਏਗਾ ?
ਨੱਟ : ਸਰਕਾਰ ਕੋਲੋਂ ਆਏਗਾ।
ਨੱਟੀ : ਸਰਕਾਰ ਕਿਥੋਂ ਲਏਗੀ ?
ਨੱਟ : ਲੋਕਾਂ ਕੋਲੋਂ ਲਏਗੀ, ਜਿੰਨੇ ਸਰਕਾਰ ਨੂੰ ਚੁਣਿਆ ਏ।
ਨੱਟੀ : ਪੈਸਾ ਵੀ ਲੋਕਾਂ ਦਾ ਹੋਵੇਗਾ
ਬਿਜਲੀ ਵੀ ਲੋਕਾਂ ਦੀ ਬੰਦ ਹੋਵੇਗੀ
ਕੁਝ ਸਮਝ ਨਹੀਂ ਪਈ
ਨੱਟ : ਮੈਂ ਤੈਨੂੰ ਸਮਝਾਉਂਦਾ ਹਾਂ
ਨੱਟੀ : ਹਾਂ ਸਮਝਾ – ਮੈਨੂੰ ਤਾਂ ਸਭ ਕੁਝ ਗੜਬੜ ਘੁਟਾਲਾ ਲਗਦਾ ਏ
ਨੱਟ : ਭਾਰਤ ਵਿਚ ਵੋਟਾਂ ਦਾ ਰਾਜ ਏ
ਲੋਕ ਵੋਟਾਂ ਪਾਉਂਦੇ ਨੇ
ਲੋਕ ਐਮ.ਐਲ.ਏ. ਚੁਣਦੇ ਨੇ
ਐਮ.ਐਲ.ਏ. ਵਜ਼ੀਰ ਚੁਣਦੇ ਨੇ

ਵਜ਼ੀਰ ਚੁਣੇ ਜਾਓ ਪੌ ਬਾਰਾਂ ਨੇ
ਐਸ਼ਾਂ ਨੇ ਬਹਾਰਾਂ ਨੇ
ਜੇਬਾਂ ਭਰ ਜਾਂਦੀਆਂ ਨੇ
ਪੁਸ਼ਤਾਂ ਤਰ ਜਾਂਦੀਆਂ ਨੇ
ਮੁੱਖ ਮੰਤਰੀ ਦੇ ਗੋਦ ਲਏ ਪੁੱਤਰ ਦੀ ਬਰਾਤ ਏ
ਇਸੇ ਲਈ ਰੋਸ਼ਨੀਆਂ ਨੇ, ਸਜਾਵਟ ਏ
ਬਸ ਇਹੋ ਹੀ ਵਿਚੋ ਬਾਤ ਏ

ਨੱਟੀ : ਪਰ ਇਹ ਲੋਕ ਕੌਣ ਨੇ ?
ਜੋ ਭੁੱਖੇ ਨ, ਨੰਗੇ ਨੇ, ਬੇਰੁਜ਼ਗਾਰ ਨੇ
ਸੜਕਾਂ 'ਤੇ ਤੁਰਦੇ, ਜ਼ਿੰਦਗੀ ਤੋਂ ਅਵਾਜ਼ਾਰ ਨੇ -

ਨੱਟ : (ਦਰਸ਼ਕਾਂ ਵੱਲ ਵੇਖਦੇ ਹੋਏ)
ਇਹ ਭਾਰਤ ਦੇ ਗੋਦ ਲਏ ਵੋਟਰ ਨੇ
ਇਸੇ ਲਈ ਘਰੋਂ ਬੇਘਰ ਨੇ
ਦਰੋਂ ਬੇਦਰ ਨੇ
ਏਨੀ ਹੀ ਬਸ ਬਾਤ ਹੈ
ਇਕ ਪਾਸੇ ਅਯਾਸ਼ੀ ਦੀ ਪ੍ਰਤੀਕ
ਗੋਦ ਲਏ ਪੁੱਤਰ ਦੀ ਬਰਾਤ ਹੈ
ਦੂਜੇ ਪਾਸੇ ਗੋਦ ਲਏ ਵੋਟਰਾਂ ਲਈ
ਭੁੱਖ ਤੇ ਨੰਗ ਦੀ ਸੌਗਾਤ ਹੈ

ਨੱਟੀ : ਫੇਰ ਲੋਕ ਕੀ ਕਰਨ ?

ਨੱਟ : ਲੋਕ ਆਪਣੇ ਹੱਕਾਂ ਲਈ ਉੱਠਣ
ਸੜਕਾਂ 'ਤੇ ਆਉਣ ਤੇ ਆਖਣ

ਇਕੱਠੇ : ਸਾਡੇ ਬੋਲਾਂ ਵਿਚ, ਰੋਹ ਦੀ ਲਲਕਾਰ ਹੈ
ਹੱਥਾਂ ਵਿਚ ਸੰਘਰਸ਼ ਦਾ ਹਥਿਆਰ ਹੈ

*(ਦੁਹਰਾਉਂਦੇ ਹੋਏ, ਸੰਘਰਸ਼ ਦੀ ਮੁਦਰਾ ਵਿਚ ਫਰੀਜ਼ ਹੁੰਦੇ ਹਨ।)*

ਪਿਛੋਂ ਆਵਾਜ਼ : ਇਹ ਸੀ..
ਤਮਾਸ਼ਾ ਨੱਟ ਤੇ ਨੱਟੀ ਦਾ
ਬਾਤ ਮਿੱਠੀ ਤੇ ਖੱਟੀ ਦਾ